**ਅਧਿਆਪਕਾਂ ਦੁਆਰਾ ਬੱਚਿਆਂ ਨੂੰ ਕੁੱਟਣ ਦੇ ਵੀਡੀਓ**

**2025-020-FB-MR, 2025-021-FB-MR**

ਨੋਟ: *ਕਿਰਪਾ ਕਰਕੇ ਪੜ੍ਹਨ ਤੋਂ ਪਹਿਲਾਂ ਸੁਚੇਤ ਰਹੋ ਕਿ ਹੇਠਾਂ ਦਿੱਤੇ ਕੇਸ ਦੇ ਸਾਰਾਂਸ਼ ਵਿੱਚ ਨਾਬਾਲਗਾਂ ਵਿਰੁੱਧ ਹਿੰਸਾ ਨਾਲ ਸੰਬੰਧਿਤ ਤਕਲੀਫ਼ਦੇਹ ਸਮੱਗਰੀ ਸ਼ਾਮਲ ਹੈ।*

ਨਿਗਰਾਨੀ ਬੋਰਡ ਹੇਠਾਂ ਦਿੱਤੇ ਦੋ ਕੇਸਾਂ ਨੂੰ ਇਕੱਠਿਆਂ ਵਿਚਾਰੇਗਾ, ਅਤੇ ਕੇਸ-ਦਰ-ਕੇਸ ਆਧਾਰ 'ਤੇ ਇਹ ਚੁਣੇਗਾ ਕਿ Meta ਦੇ ਫੈਸਲਿਆਂ ਨੂੰ ਬਰਕਰਾਰ ਰੱਖਣਾ ਹੈ ਜਾਂ ਰੱਦ ਕਰਨਾ ਹੈ।

Meta ਨੇ ਬੋਰਡ ਨੂੰ ਦੋ ਕੇਸ ਭੇਜੇ ਹਨ, ਅਤੇ ਦੋਵੇਂ ਕੇਸ ਅਜਿਹੇ ਵੀਡੀਓਜ਼ ਬਾਰੇ ਹਨ ਜਿਨ੍ਹਾਂ ਵਿੱਚ ਸਕੂਲਾਂ ਦੇ ਅਧਿਆਪਕਾਂ ਵੱਲੋਂ ਬੱਚਿਆਂ ਨੂੰ ਕੁੱਟਦੇ ਹੋਏ ਦਿਖਾਇਆ ਗਿਆ ਹੈ।

ਪਹਿਲਾ ਕੇਸ, ਭਾਰਤ ਵਿੱਚ ਇੱਕ ਮੀਡੀਆ ਸੰਸਥਾ ਦੁਆਰਾ Facebook 'ਤੇ ਪੋਸਟ ਕੀਤੇ ਗਏ ਇੱਕ ਵੀਡੀਓ ਨਾਲ ਸਬੰਧਤ ਹੈ। ਵੀਡੀਓ ਵਿੱਚ, ਇੱਕ ਅਧਿਆਪਕ ਪੜ੍ਹਾਈ ਨਾ ਕਰਨ ਕਰਕੇ ਇੱਕ ਛੋਟੀ ਉਮਰ ਦੇ ਸਕੂਲੀ ਵਿਦਿਆਰਥੀ 'ਤੇ ਚੀਕਦੀ ਹੈ। ਉਹ ਵਾਰ-ਵਾਰ ਉਸਦੇ ਸਿਰ 'ਤੇ ਮਾਰਦੀ ਹੈ ਅਤੇ ਉਸਦੀ ਦਸਤਾਰ ਨੂੰ ਖਿੱਚਦੀ ਜਾਪਦੀ ਹੈ। ਬੱਚੇ ਦਾ ਚਿਹਰਾ ਇੱਕ ਧੁੰਦਲੇ ਪੈਚ ਨਾਲ ਢੱਕਿਆ ਹੋਇਆ ਹੈ, ਪਰ ਉਹ ਸਮੇਂ-ਸਮੇਂ 'ਤੇ ਆਪਣਾ ਚਿਹਰਾ ਇਸ ਧੁੰਦਲੇ ਖੇਤਰ ਤੋਂ ਬਾਹਰ ਕਰ ਲੈਂਦਾ ਹੈ। ਅਧਿਆਪਕ ਅਤੇ ਬਾਕੀ ਵਿਦਿਆਰਥੀ ਦਿਖਾਈ ਦੇ ਰਹੇ ਹਨ। ਕੈਪਸ਼ਨ ਵਿੱਚ ਜ਼ਿਕਰ ਹੈ ਕਿ ਇੱਕ ਸੂਬਾਈ ਅਧਿਕਾਰੀ ਨੇ ਜਵਾਬਦੇਹੀ ਦੀ ਮੰਗ ਕੀਤੀ ਹੈ।

ਇਸ ਪੋਸਟ ਨੂੰ ਕਈ ਹਜ਼ਾਰ ਵਿਊਜ਼ ਮਿਲੇ, ਅਤੇ ਦਸ ਲੋਕਾਂ ਨੇ ਇਸ ਸਮੱਗਰੀ ਦੀ ਰਿਪੋਰਟ ਕੀਤੀ। ਕਿਉਂਕਿ ਅਕਾਊਂਟ ਨੂੰ ਕਰਾਸ-ਚੈੱਕ ਸੁਰੱਖਿਆ ਮਿਲੀ ਹੋਈ ਹੈ, ਇਸ ਲਈ ਰਿਪੋਰਟਾਂ ਵਿੱਚੋਂ ਇੱਕ ਨੂੰ ਪਾਲਿਸੀ ਦੇ ਮਾਹਰਾਂ ਕੋਲ ਭੇਜਿਆ ਗਿਆ, ਉਹਨਾਂ ਨੇ ਇਹ ਤੈਅ ਕੀਤਾ ਕਿ ਸਮੱਗਰੀ Meta ਦੀ ਬਾਲ ਜਿਨਸੀ ਸ਼ੋਸ਼ਣ, ਦੁਰਵਿਵਹਾਰ, ਅਤੇ ਨਗਨਤਾ ਨੀਤੀ ਦੀ ਉਲੰਘਣਾ ਕਰਦੀ ਹੈ, ਅਤੇ ਸਮੱਗਰੀ ਨੂੰ ਹਟਾ ਦਿੱਤਾ।

ਦੂਜੀ ਪੋਸਟ ਵੀ Facebook 'ਤੇ ਇੱਕ ਵੀਡੀਓ ਬਾਰੇ ਹੈ, ਇਹ ਫਰਾਂਸ ਦੇ ਇੱਕ ਅਜਿਹੇ ਪੇਜ ਦੁਆਰਾ ਪੋਸਟ ਕੀਤੀ ਗਈ ਸੀ ਜੋ ਸਥਾਨਕ ਖਬਰਾਂ ਸਾਂਝੀਆਂ ਕਰਦਾ ਜਾਪਦਾ ਹੈ। ਵੀਡੀਓ ਵਿੱਚ ਇੱਕ ਵਿੱਦਿਅਕ ਪਰਿਸਰ ਵਿੱਚ ਬਹੁਤ

ਛੋਟੇ ਬੱਚਿਆਂ ਦਾ ਇੱਕ ਸਮੂਹ ਦਿਖਾਇਆ ਗਿਆ ਹੈ, ਜਿਸ ਵਿੱਚ ਇੱਕ ਬੱਚਾ ਰੋ ਰਿਹਾ ਹੈ। ਅਧਿਆਪਕਾ ਬੱਚੀ ਨੂੰ ਮਾਰਦੀ ਹੈ ਅਤੇ ਉਹ ਬੱਚੀ ਜ਼ਮੀਨ 'ਤੇ ਡਿੱਗ ਪੈਂਦੀ ਹੈ, ਇਹ ਸਭ ਬਾਕੀ ਬੱਚਿਆਂ ਦੇ ਸਾਮ੍ਹਣੇ ਹੁੰਦਾ ਹੈ। ਇਸ ਵੀਡੀਓ ਵਿੱਚ ਸਾਰੇ ਚਿਹਰੇ ਧੁੰਧਲੇ ਕੀਤੇ ਹੋਏ ਹਨ। ਕੈਪਸ਼ਨ ਅਤੇ ਵੀਡੀਓ ਵਿੱਚ ਉਸ ਖਾਸ ਇਲਾਕੇ ਦਾ ਜ਼ਿਕਰ ਹੈ ਜਿੱਥੇ ਇਹ ਕਥਿਤ ਤੌਰ 'ਤੇ ਫਿਲਮਾਇਆ ਗਿਆ ਸੀ ਅਤੇ ਇੱਕ ਜਾਂਚ ਦਾ ਵੀ ਜ਼ਿਕਰ ਕੀਤਾ ਗਿਆ ਹੈ।

ਇਸ ਪੋਸਟ ਨੂੰ ਕਈ ਹਜ਼ਾਰ ਵਿਊਜ਼ ਮਿਲੇ ਅਤੇ ਇੱਕ ਵਰਤੋਂਕਾਰ ਨੇ ਵੀ ਇਨ੍ਹਾਂ ਦੋਹਾਂ ਦੀ ਰਿਪੋਰਟ ਕੀਤੀ ਅਤੇ ਇੱਕ ਸਵੈਚਾਲਤ ਸਿਸਟਮ ਨੇ ਵੀ ਇਸਦੀ ਪਛਾਣ ਇਸ ਤਰ੍ਹਾਂ ਕੀਤੀ ਕਿ ਇਹ ਸੰਭਾਵੀ ਤੌਰ 'ਤੇ ਬਾਲ ਜਿਨਸੀ ਸ਼ੋਸ਼ਣ, ਦੁਰਵਿਵਹਾਰ, ਅਤੇ ਨਗਨਤਾ ਨੀਤੀ ਦੀ ਉਲੰਘਣਾ ਕਰਦੀ ਹੈ। ਇਸਤੋਂ ਬਾਅਦ ਇਸ ਸਮੱਗਰੀ ਨੂੰ ਮਨੁੱਖੀ ਸਮੀਖਿਆ ਦੇ ਬਿਨਾਂ ਹੀ ਹਟਾ ਦਿੱਤਾ ਗਿਆ। ਬਾਅਦ ਵਿੱਚ ਇਸਨੂੰ ਅੰਦਰੂਨੀ ਤੌਰ 'ਤੇ ਪਾਲਿਸੀ ਮਾਹਰਾਂ ਕੋਲ ਭੇਜਿਆ ਗਿਆ ਅਤੇ ਕਿੱਤੇ ਗਏ ਫੈਸਲੇ ਦੀ ਪੁਸ਼ਟੀ ਕੀਤੀ ਗਈ। ਇਸ ਤੋਂ ਬਾਅਦ, ਜਦੋਂ Meta ਬੋਰਡ ਲਈ ਆਪਣੀ ਪੇਸ਼ਕਾਰੀਆਂ ਤਿਆਰ ਕਰ ਰਿਹਾ ਸੀ, ਤਾਂ ਇਸਦੇ ਪਾਲਿਸੀ ਮਾਹਰਾਂ ਨੇ ਫੈਸਲਾ ਕੀਤਾ ਕਿ ਸਮੱਗਰੀ ਨੂੰ ਖ਼ਬਰ ਯੋਗ ਹੋਣ ਦੀ ਛੋਟ ਅਤੇ ਚੇਤਾਵਨੀ ਸਕ੍ਰੀਨ ਲਗਾ ਕੇ ਪਲੇਟਫਾਰਮ 'ਤੇ ਰਹਿਣ ਦਿੱਤਾ ਜਾਵੇ। Meta ਦੇ ਅਨੁਸਾਰ, ਮੀਡੀਆ ਨੇ ਦੱਸਿਆ ਕਿ ਵੀਡੀਓ ਬੱਚੇ ਦੇ ਮਾਪਿਆਂ ਦੇ ਵਕੀਲ ਨੇ ਸਾਂਝਾ ਕੀਤਾ ਸੀ। ਕੰਪਨੀ ਲਈ, ਇਸਦਾ ਮਤਲਬ ਸੀ ਕਿ ਜਨਤਕ ਹਿੱਤ ਵਿੱਚ ਹੋਣ ਵਾਲਾ ਲਾਭ, ਨੁਕਸਾਨ 'ਤੇ ਭਾਰੀ ਸੀ, ਕਿਉਂਕਿ "ਮਾਪਿਆਂ ਦੀ ਸਹਿਮਤੀ" ਨੇ ਨਿੱਜਤਾ ਅਤੇ ਸਨਮਾਨ ਸੰਬੰਧੀ ਚਿੰਤਾਵਾਂ ਨੂੰ ਘੱਟ ਕਰ ਦਿੱਤਾ ਸੀ।

Meta ਨੇ ਦੋਵੇਂ ਕੇਸ ਬੋਰਡ ਨੂੰ ਰੈਫਰ ਕੀਤੇ। ਆਪਣੀ ਬਾਲ ਜਿਨਸੀ ਸ਼ੋਸ਼ਣ, ਦੁਰਵਿਵਹਾਰ, ਅਤੇ ਨਗਨਤਾ ਨੀਤੀ ਦੇ ਤਹਿਤ, ਕੰਪਨੀ ਬਿਨਾਂ ਕਿਸੇ ਛੋਟ ਦੇ “ਅਜਿਹੇ ਵੀਡੀਓਜ਼ ਜਾਂ ਫੋਟੋਆਂ ਜਿਨ੍ਹਾਂ ਨੂੰ ਸਾਂਝਾ ਕਰਨ ਦਾ ਇਰਾਦਾ ਚਾਹੇ ਕੁਝ ਵੀ ਹੋਵੇ ਲੇਕਿਨ ਜੋ ਅਸਲ ਜਾਂ ਕਾਲਪਨਿਕ ਗੈਰ-ਜਿਨਸੀ ਬਾਲ ਦੁਰਵਿਵਹਾਰ ਨੂੰ ਦਰਸਾਉਂਦੀਆਂ ਹਨ,” ਨੂੰ ਹਟਾ ਦਿੰਦੀ ਹੈ। Meta ਨੇ ਬਿਆਨ ਦਿੱਤਾ ਕਿ ਉਹ “ਨਾਬਾਲਗ ਦੀ ਸੁਰੱਖਿਆ, ਸਨਮਾਨ, ਅਤੇ ਨਿੱਜਤਾ ਨੂੰ ਪਹਿਲ ਦੇਣ ਲਈ, ਇਰਾਦੇ ਦੀ ਪਰਵਾਹ ਕੀਤੇ ਬਿਨਾਂ, ਗੈਰ-ਜਿਨਸੀ ਬਾਲ ਦੁਰਵਿਵਹਾਰ ਵਾਲੀ ਸਮੱਗਰੀ ਨੂੰ ਸਾਂਝਾ ਕਰਨ ਵਿਰੁੱਧ ਇੱਕ ਸਖ਼ਤ ਰੁਖ” ਅਪਣਾਉਂਦੀ ਹੈ। Meta ਦੇ ਅਨੁਸਾਰ, “ਜਾਗਰੂਕਤਾ ਵਧਾਉਣ ਜਾਂ ਨਿੰਦਾ ਕਰਨ ਦੇ ਸੰਦਰਭ ਵਿੱਚ ਗੈਰ-ਜਿਨਸੀ ਬਾਲ ਦੁਰਵਿਵਹਾਰ ਵਾਲੀ ਸਮੱਗਰੀ ਨੂੰ ਇਜਾਜ਼ਤ ਦੇਣ ਨਾਲ ਪੀੜਤ ਨੂੰ ਮੁੜ ਸਦਮਾ ਪਹੁੰਚਣ ਦਾ ਖ਼ਤਰਾ ਹੁੰਦਾ ਹੈ, ਲੇਕਿਨ ਨਾਲ ਹੀ, ਅਜਿਹੀ ਸਮੱਗਰੀ 'ਤੇ ਪਾਬੰਦੀ ਲਗਾਉਣ ਨੂੰ ਜਨਤਾ ਦੀ ਸੂਚਿਤ ਹੋਣ ਦੀ ਯੋਗਤਾ ਦੀ ਉਲੰਘਣਾ ਵਜੋਂ ਵੀ ਦੇਖਿਆ ਜਾ ਸਕਦਾ ਹੈ।”

ਬੋਰਡ ਨੇ ਇਸ ਕੇਸ ਨੂੰ ਗੈਰ-ਜਿਨਸੀ ਬਾਲ ਦੁਰਵਿਵਹਾਰ ਬਾਰੇ ਜਾਣਕਾਰੀ ਸਾਂਝੀ ਕਰਨ, ਜਵਾਬਦੇਹੀ ਨੂੰ ਉਤਸ਼ਾਹਿਤ ਕਰਨ ਦੀਆਂ ਕੋਸ਼ਿਸ਼ਾਂ ਸਮੇਤ ਬੱਚਿਆਂ ਦੀ ਸੁਰੱਖਿਆ ਕਰਨ ਅਤੇ ਇਹਨਾਂ ਵਿਚਕਾਰਲੇ ਤਣਾਅ ਦੀ ਪੜਚੋਲ ਕਰਨ ਲਈ ਚੁਣਿਆ ਹੈ।

ਬੋਰਡ ਅਜਿਹੀਆਂ ਜਨਤਕ ਟਿੱਪਣੀਆਂ ਦਾ ਸਵਾਗਤ ਕਰੇਗਾ ਜੋ ਇਹਨਾਂ 'ਤੇ ਚਾਨਣਾ ਪਾਉਂਦੀਆਂ ਹੋਣ:

- ਦੁਰਵਿਵਹਾਰ ਦੇ ਪੀੜਤ ਬੱਚਿਆਂ ਅਤੇ ਉਹਨਾਂ ਦੇ ਪਰਿਵਾਰਾਂ 'ਤੇ, ਉਹਨਾਂ ਨਾਲ ਹੋਏ ਦੁਰਵਿਵਹਾਰ ਦੇ ਆਨਲਾਈਨ ਪ੍ਰਸਾਰਿਤ ਹੋਣ ਕਰਕੇ ਪੈਣ ਵਾਲਾ ਪ੍ਰਭਾਵ।
- ਪ੍ਰਗਟਾਵੇ ਦੀ ਆਜ਼ਾਦੀ ਦੇ ਮਨੁੱਖੀ ਅਧਿਕਾਰ ਅਤੇ ਬੱਚੇ ਦੇ ਸਰਵੋਤਮ ਹਿੱਤ ਦਾ ਸਨਮਾਨ ਕਰਨ ਦੇ ਮਨੁੱਖੀ ਅਧਿਕਾਰਾਂ ਦੇ ਸਿਧਾਂਤ, ਦੋਵਾਂ ਦੇ ਮੱਦੇਨਜ਼ਰ ਕਿਹੜੇ ਹਾਲਾਤਾਂ ਵਿੱਚ (ਜੇਕਰ ਕੋਈ ਹੋਣ) ਸੋਸ਼ਲ ਮੀਡੀਆ ਕੰਪਨੀਆਂ ਲਈ ਅਜਿਹੀ ਸਮੱਗਰੀ ਨੂੰ ਇਜਾਜ਼ਤ ਦੇਣਾ ਉਚਿਤ ਹੈ ਜੋ ਬੱਚਿਆਂ ਨਾਲ ਹੁੰਦੇ ਦੁਰਵਿਵਹਾਰ ਨੂੰ ਦਰਸਾਉਂਦੀ ਹੋਵੇ।
- ਬਾਲ ਦੁਰਵਿਵਹਾਰ ਦੇ ਪ੍ਰਸਾਰਣ ਨੂੰ ਸੀਮਤ ਕਰਨ ਨਾਲ ਅਜਿਹੇ ਦੁਰਵਿਵਹਾਰ ਲਈ ਜਵਾਬਦੇਹੀ ਮੰਗਣ ਦੀਆਂ ਕੋਸ਼ਿਸ਼ਾਂ 'ਤੇ ਕੀ ਪ੍ਰਭਾਵ ਪਏਗਾ।
- ਦੁਰਵਿਵਹਾਰ ਦੇ ਪੀੜਤ ਬੱਚਿਆਂ ਬਾਰੇ ਰਿਪੋਰਟ ਕਰਨ ਦੇ ਮਿਆਰ, ਅਤੇ ਕੀ ਧੁੰਦਲਾ ਕਰਨ ਅਤੇ/ਜਾਂ ਹੋਰ ਉਪਾਅ, ਦੁਰਵਿਵਹਾਰ ਦੇ ਪੀੜਤ ਬੱਚਿਆਂ ਦੀ ਪਛਾਣ ਕਰਨ ਦੀਆਂ ਕੋਸ਼ਿਸ਼ਾਂ ਨੂੰ ਸੀਮਤ ਕਰਨ ਵਿੱਚ ਸਹਾਇਕ ਹਨ।

ਆਪਣੇ ਫੈਸਲਿਆਂ ਦੇ ਹਿੱਸੇ ਵਜੋਂ, ਬੋਰਡ Meta ਨੂੰ ਨੀਤੀ ਸੰਬੰਧੀ ਸਿਫ਼ਾਰਸ਼ਾਂ ਜਾਰੀ ਕਰ ਸਕਦਾ ਹੈ। ਹਾਲਾਂਕਿ ਸਿਫ਼ਾਰਸ਼ਾਂ ਲਾਜ਼ਮੀ ਨਹੀਂ ਹਨ, ਪਰ Meta ਲਈ 60 ਦਿਨਾਂ ਦੇ ਅੰਦਰ ਇਹਨਾਂ ਦਾ ਜਵਾਬ ਦੇਣਾ ਜ਼ਰੂਰੀ ਹੈ। ਇਸ ਲਈ, ਬੋਰਡ ਇਹਨਾਂ ਕੇਸਾਂ ਨਾਲ ਸੰਬੰਧਿਤ ਸਿਫ਼ਾਰਸ਼ਾਂ ਲਈ ਜਨਤਕ ਟਿੱਪਣੀਆਂ ਦਾ ਸਵਾਗਤ ਕਰਦਾ ਹੈ।